<table>
<tr><th>ਪ੍ਰਸ਼ਨ ਨੰਬਰ</th><th>ਪ੍ਰਸ਼ਨ<br>ਜਰਨਲ</th><th>ਉਤਰ</th></tr>
<tr><td>1.1</td><td>ਅਪੰਗ ਵਿਅਕਤੀਆਂ ਨੂੰ ਸਰਕਾਰੀ ਸੇਵਾਵਾਂ ਗਰੁੱਪ ਏ, ਬੀ, ਸੀ ਅਤੇ ਡੀ ਵਿਚ ਤਰੱਕੀਆਂ ਕਰਨ ਸਮੇਂ ਰਾਖਵਾਂਕਰਨ ਦੇਣ ਬਾਰੇ ?</td><td>ਪੰਜਾਬ ਸਰਕਾਰ,ਸਮਾਜਿਕ ਸੁਰਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਪੱਤਰ ਨੰਬਰ 7/29/2010-7ਸਸ/1170 ਮਿਤੀ 14.12.2011 ਰਾਹੀਂ ਇਸ ਸਬੰਧੀ ਗਾਈਡ ਲਾਈਨਾਂ ਜਾਰੀ ਕੀਤੀਆਂ ਹੋਈਆਂ ਹਨ।ਗਰੁੱਪ ਸੀ ਅਤੇ ਡੀ ਸੇਵਾਵਾਂ ਵਿਚ ਰੋਸਟਰ ਦਾ ਨੁਕਤਾ ਨੰਬਰ 10,40 ਅਤੇ 70, ਗਰੁੱਪ ਏ ਅਤੇ ਬੀ ਸੇਵਾਵਾਂ ਵਿਚ ਰੋਸਟਰ ਨੁਕਤਾ 11,40 ਅਤੇ 71 ਅਪੰਗ ਕਰਮਚਾਰੀਆਂ ਦੀ ਪੱਦ ਉਨਤੀ ਲਈ ਰਖਿਆ ਹੋਇਆ ਹੈ ।</td></tr>
<tr><td></td><td></td><td></td></tr>
<tr><td>1.2</td><td>ਪੰਜਾਬ ਸਰਕਾਰ ਦੇ ਕਰਮਚਾਰੀਆਂ ਦੀ ਨਵੀਂ ਦਰਜਾ ਬੰਦੀ ਕੀ ਹੈ ?</td><td>ਪੰਜਾਬ ਸਰਕਾਰ,ਪ੍ਰਸੋਨਲ ਵਿਭਾਗ ਵਲੋਂ ਜਾਰੀ ਹਦਾਇਤਾਂ ਨੰਬਰ 4/46/09-1 ਪੀ.ਪੀ.1/ 10828 ਮਿਤੀ 13.10.2009 ਰਾਹੀਂ ਪੰਜਾਬ ;ਸਰਕਾਰ ਦੇ ਕਰਮਚਾਰੀਆਂ ਦੀ ਹੇਠ ਲਿਖੇ ਅਨੁਸਾਰ ਦਰਜਾ ਬੰਦੀ ਕੀਤੀ ਗਈ ਹੈ ।ਇਹ ਦਰਜਾ ਬੰਦੀ ਟੀ.ਏ.ਐਲ.ਟੀ.ਸੀ. ਤੇ ਲਾਗੂ ਨਹੀਂ ।
<table>
<tr><td>ਗਰੁੱਪ ਏ</td><td>ਜਿੰਨਾਂ ਅਸਾਮੀਆਂ ਦੀ ਬੇਸਿਕ ਇੰਟਰੀ ਸਕੇਲ ਦੀ ਗਰੇਡ ਪੇਅ 5000/- ਜਾਂ ਇਸ ਤੋਂ ਵੱਧ ਹੈ ।</td></tr>
<tr><td>ਗਰੁੱਪ ਬੀ</td><td>ਜਿੰਨਾਂ ਅਸਾਮੀਆਂ ਦੀ ਬੇਸਿਕ ਇੰਟਰੀ ਸਕੇਲ ਦੀ ਗਰੇਡ ਪੇਅ 3800 ਤੋਂ 4999 ਹੈ ।</td></tr>
<tr><td>ਗਰੁੱਪ ਸੀ</td><td>ਜਿੰਨਾਂ ਅਸਾਮੀਆਂ ਦੀ ਬੇਸਿਕ ਇੰਟਰੀ ਸਕੇਲ ਦੀ ਗਰੇਡ ਪੇ 1900 ਤੋਂ 3799 ਹੈ ।</td></tr>
<tr><td>ਗਰੁੱਪ ਡੀ</td><td>ਜਿੰਨਾਂ ਅਸਾਮੀਆਂ ਦੀ ਬੇਸਿਕ ਇੰਟਰੀ ਸਕੇਲ ਦੀ ਗਰੇਡ ਪੇਅ 1900 ਤੋਂ ਘੱਟ ਹੈ</td></tr>
</table></td></tr>
<tr><td>1.3</td><td>ਪੰਜਾਬ ਸਰਕਾਰ ਦੇ ਕਰਮਚਾਰੀਆਂ ਵਲੋਂ ਚੱਲ ਜਾਂ ਅੱਚਲ ਜਾਇਦਾਦ ਖਰੀਦਣ / ਵੇਚਣ ਸਮੇਂ ਸਮਰਥ ਅਧਿਕਾਰੀ ਦੀ ਪ੍ਰਵਾਨਗੀ ਸਬੰਧੀ ਜਾਣਕਾਰੀ ਦੇਵੋ ।</td><td>ਪੰਜਾਬ ਸਰਕਾਰ,ਪ੍ਰਸੋਨਲ ਵਿਭਾਗ ਦੀ ਨੋਟੀਫੀਕੇਸ਼ਨ ਨੰਬਰ G.S.R.61/Cont./Art. 187,309 and 318/Amd(10)2011 dated 9.09.2011 ਅਨੁਸਾਰ ਕਰਮਚਾਰੀ ਕੰਡਕਟ ਰੂਲਜ 1966 ਦੇ ਰੂਲ 18 (2) ਅ੍ਤੇ (3) ਨੂੰ ਖਤਮ ਕਰਕੇ ਰੂਲ 18(2) ਬਣਾਇਆ ਗਿਆ ਹੈ ਜਿਸ ਅਨੁਸਾਰ ਕੋਈ ਵੀ ਸਰਕਾਰੀ ਕਰਮਚਾਰੀ ਜੇਕਰ ਆਪਣੀ ਇੱਕ ਮਹੀਨੇ ਦੀ ਕੁਲ ਤਨਖਾਹ ਤੋਂ ਵੱਧ ਰਕਮ ਦੀ ਚੱਲ / ਅੱਚਲ ਜਾਇਦਾਦ ਦਾ ਲੈਣ ਦੇਣ ਕਰਦਾ ਹੈ ਤਾਂ ਉਸ ਨੂੰ ਇਸ ਸਬੰਧੀ ਅਧਿਕਾਰੀਆਂ ਨੂੰ ਸੂਚਿਤ ਕਰਨਾ ਹੋਵੇਗਾ। ਜਾਇਦਾਦ ਖਰੀਦ / ਵੇਚ ਲਈ ਹੁਣ ਮੰਜੂਰੀ ਲੈਣ ਦੀ ਜ਼ਰੂਰਤ ਨਹੀਂ ।</td></tr>
<tr><td>1.4</td><td>ਪੰਜਾਬ ਸਰਕਾਰ ਦੇ ਕਰਮਚਾਰੀਆਂ ਵਿਰੁੱਧ ਚਲ ਰਹੇ</td><td>ਪੰਜਾਬ ਸਰਕਾਰ, ਦੇ ਪੱਤਰ ਨੰਬਰ 3/54/91-2 ਪੀ.ਪੀ.2/8268 ਮਿਤੀ 24.6.2009 ਅਨੁਸਾਰ</td></tr>
</table>

| | | |
|---|---|---|
| | ਇਨਕੁਆਰੀ ਕੇਸਾਂ ਵਿਚ ਇਨਕੁਆਰੀ ਅਫਸਰ ਅਤੇ ਪੇਸ਼ ਕਰਤਾ ਕਰਮਚਾਰੀਆਂ ਨੂੰ ਮਿਲਣ ਵਾਲੇ ਮਾਨਭੱਤੇ ਬਾਰੇ ਜਾਣਕਾਰੀ ਦਿਓ । | ਇਨਕੁਆਰੀ ਅਫਸਰ ਨੂੰ ਮਾਨ ਭੇਟਾ 2500.00 ਰੁਪਏ ਤੋਂ ਵਧਾ ਕੇ 6000 ਕਰ ਦਿੱਤਾ ਗਿਆ ਹੈ । ਪ੍ਰੈਜੈਟਿੰਗ ਅਫਸਰ ਨੂੰ ਇਹ ਭੱਤਾ ਪੱਤਰ ਨੰਬਰ 12/45/2011-12/2ਪੀ.ਪੀ.2/426 ਮਿਤੀ 4.4.12 ਰਾਹੀਂ 300/- ਰੁਪਏ ਤੋਂ ਵੱਧਾ ਕੇ 3600 ਰਪਏ ਕਰ ਦਿੱਤਾ ਗਿਆ ਹੈ । |
| 1.5 | ਪੰਜਾਬ ਸਰਕਾਰ ਵਲੋਂ ਕਰਮਚਾਰੀਆਂ ਦੀ ਰਿਟਾਇਰਮੈਂਟ ਵਿਚ ਇੱਕ ਸਾਲ ਦਾ ਵਾਧਾ ਦਿੱਤਾ ਹੈ ਕੀ ਵਾਧੇ ਦੌਰਾਨ ਜੀ.ਆਈ.ਐਸ. ਦੀ ਕਟੌਤੀ ਕੀਤੀ ਜਾਣੀ ਹੈ । | ਪੰਜਾਬ ਸਰਕਾਰ ਦੇ ਪੱਤਰ ਨੰਬਰ 22/2/2012-3 ਐਫ.ਪੀ.2/ 43 ਮਿਤੀ 22.1.2013 ਰਾਹੀਂ ਜਾਰੀ ਸਪੱਸਟੀਕਰਨਾ ਵਿਚ ਇਹ ਸਪੱਸ਼ਟੀਕਰਨ ਵੀ ਦਿੱਤਾ ਗਿਆ ਹੈ ਕਿ ਵਧੇ ਹੋਏ ਸਾਲ ਦੌਰਾਨ ਜੀ.ਆਈ.ਐਸ. ਦੀ ਕਟੌਤੀ ਕੀਤੀ ਜਾਵੇਗੀ ਅਤੇ ਵਾਧੇ ਦੌਰਾਨ ਮੌਤ ਹੋਣ ਤੇ ਮੌਤ ਉਪਰੰਤ ਮਿਲਣ ਵਾਲੇ ਲਾਭ ਦਿੱਤੇ ਜਾਣਗੇ । |
| 1.6 | ਦਰਜਾ ਚਾਰ ਤੋਂ ਕਲਰਕ ਦੀ ਅਸਾਮੀ ਤੇ ਪੱਦ ਉਨਤੀ ਲਈ ਵਿਦਿਅਕ ਯੋਗਤਾਵਾਂ ਸਬੰਧੀ ਜਾਣਕਾਰੀ ਦਿਓ | ਪੰਜਾਬ ਸਰਕਾਰ ਦੇ ਪੱਤਰ ਨੰਬਰ 9/11/09-4 ਪੀ.ਪੀ.1/985 ਮਿਤੀ 25.8.2009 ਅਨੁਸਾਰ ਦਰਜਾ ਚਾਰ ਤੋਂ ਕਲਰਕ ਦੀ ਅਸਾਮੀ ਤੇ ਪਦ ਉਨਤੀ ਲਈ ਦਸਵੀ ਪੰਜਾਬੀ ਸਮੇਤ ਪਾਸ ਹੋਵੇ ਅਤੇ 5 ਸਾਲ ਦੀ ਸੇਵਾ ਹੋ ਚੁੱਕੀ ਹੋਵੇ ਅਤੇ ਪੰਜਾਬੀ ਟਾਈਪ ਟੈਸਟ ਪਾਸ ਹੋਣਾ ਚਾਹੀਦਾ ਹੈ। |
| 1.7 | ਤਰਸ ਦੇ ਅਧਾਰ ਤੇ ਨਿਯੁਕਤੀ ਦੇਣ ਲਈ ਵਿੱਤੀ ਹਾਲਤ ਜਾਨਣ ਲਈ ਕਰਮਚਾਰੀ ਦੀ ਮੌਤ ਉਪਰੰਤ ਪ੍ਰੀਵਾਰ ਨੂੰ ਮਿਲਣ ਯੋਗ ਲਾਭ ਗਿਣੇ ਜਾਣਗੇ ਜਾਂ ਨਹੀਂ । ਜੇਕਰ ਮਿਤ੍ਰਕ ਕਰਮਚਾਰੀ ਦੇ ਪ੍ਰੀਵਾਰ ਵਿਚ ਕੋਈ ਹੋਰ ਮੈਂਬਰ ਨੌਕਰੀ ਕਰ ਰਿਹਾ ਹੋਵੇ ਤਾਂ ਉਸ ਕੇਸ ਵਿਚ ਤਰਸ ਦੇ ਅਧਾਰ ਤੇ ਨੌਕਰੀ ਲਈ ਕੇਸ ਵਿਚਾਰਿਆ ਜਾਣਾ ਹੈ ਜਾਂ ਨਹੀਂ । | ਪੰਜਾਬ ਸਰਕਾਰ ਦੇ ਪੱਤਰ ਨੰਬਰ 11/39/05-4 ਪੀ.ਪੀ.11/9799 ਮਿਤੀ 18.7.2005 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਕਰਮਚਾਰੀ ਦੀ ਮੌਤ ਉਪਰੰਤ ਉਸ ਦੇ ਪ੍ਰੀਵਾਰ ਨੂੰ ਮਿਲਣ ਵਾਲੇ ਲਾਭ ਜਿਵੇ ਗਰੇਚੁਟੀ, ਛੁਟੀ ਦੀ ਤਨਖਾਹ ਜੀ.ਪੀ.ਫੰਡ ਆਦਿ ਵਿਤੀ ਹਾਲਤ ਵੇਖਣ ਲਈ ਨਹੀਂ ਗਿਣੇ ਜਾਣੇ। ਜੇਕਰ ਮਿਰਤਕ ਕਰਮਚਾਰੀ ਦੇ ਪ੍ਰੀਵਾਰ ਵਿਚ ਕੋਈ ਹੋਰ ਮੈਂਬਰ ਕਮਾਈ ਕਰ ਰਿਹਾ ਹੈ ਤਾਂ ਤਰਸ ਦੇ ਅਧਾਰ ਤੇ ਨਿਯੁਕਤੀ ਦਾ ਕੇਸ ਵਿਭਾਗ ਦੇ ਸਕੱਤਰ ਪੱਧਰ ਤੇ ਵਿਚਾਰਿਆ ਜਾਣਾ ਹੈ । |
| 1.8 | ਕੀ ਤਰਸ ਦੇ ਅਧਾਰ ਤੇ ਨੌਕਰੀ ਲਈ ਤਲਾਕ ਸੁਦਾ ਨਿਰਭਰ ਲੜਕੀ ਦਾ ਕੇਸ ਵਿਚਾਰਿਆ ਜਾ ਸਕਦਾ ਹੈ ? | ਪੰਜਾਬ ਸਰਕਾਰ ਦੇ ਪੱਤਰ ਨੰਬਰ 11/99/2002-4 ਪੀ.ਪੀ.11/ 108 ਮਿਤੀ 27.8.2011 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਕਾਨੂੰਨੀ ਤਲਾਕ ਸ਼ੁਦਾ ਲੜਕੀ ਦਾ ਕੇਸ ਤਰਸ ਦੇ ਅਧਾਰ ਤੇ ਨੌਕਰੀ ਲਈ ਵਿਚਾਰਿਆ ਜਾ ਸਕਦਾ ਹੈ। |
| 1.9 | ਪ੍ਰਾਪਰਟੀ ਰਿਟਰਨ ਸਬੰਧੀ ਹਦਾਇਤਾਂ ਦਸੀਆਂ ਜਾਣ । | ਅਚਲ ਜਾਇਦਾਦ ਦੀ ਪ੍ਰਾਪਰਟੀ ਰਿਟਰਨ ਹਰ ਸਾਲ ਦੀ ਸਾਲਾਨਾ ਗੁਪਤ ਰਿਪੋਰਟ ਨਾਲ ਲਾਈ ਜਾਵੇਗੀ ਨਹੀਂ ਤਾਂ ਗੁਪਤ ਰਿਪੋਰਟ ਅਧੂਰੀ ਮੰਨੀ ਜਾਵੇਗੀ। ਉਲੰਘਣਾ ਦੇ ਕੇਸ ਵਿਚ ਵਿਭਾਗੀ ਕਾਰਵਾਈ ਵੀ ਕੀਤੀ ਜਾਵੇਗੀ ਪੱਤਰ ਨੰਬਰ 4/3/2012-2 ਪੀ.ਪੀ.2/559 ਮਿਤੀ 17.5.2012 |
| 1.10 | ਕਰਮਚਾਰੀ ਦੀ ਬਦਲੀ ਹੋਣ ਉਪਰੰਤ ਪਿਛਲੇ ਸਕੂਲ ਦਾ ਏਰੀਅਰ ਕਿਹੜੇ ਸਕੂਲ ਵਲੋਂ ਡਰਾਅ ਕੀਤਾ ਜਾਣਾ ਹੈ ? | ਪੰਜਾਬ ਖਜਾਨਾ ਨਿਯਮਾਵਲੀ ਦੇ ਰੂਲ 153 ਦੇ ਨੋਟ ਅਨੁਸਾਰ ਜਦੋਂ ਕਿਸੇ ਕਰਮਚਾਰੀ ਦੀ ਬਦਲੀ ਪੰਜਾਬ ਦੇ ਕਿਸੇ ਹੋਣ ਦਫਤਰ ਵਿਚ ਹੋਣ ਉਪਰੰਤ ਪਿਛਲਾ ਏਰੀਅਰ ਡਰਾਅ ਕਰਨਾ ਪਵੇ ਤਾਂ ਪੁਰਾਨੇ ਦਫਤਰ ਵਿਚੋਂ ਡਰਾਅਨ ਸਟੇਟਮੈਂਟ ਮੰਗਵਾ ਕੇ ਉਸ ਦਫਤਰ ਵਲੋਂ ਏਰੀਅਰ ਡਰਾਅ ਕੀਤਾ ਜਾਵੇਗਾ ਜਿਥੇ ਉਹ ਕੰਮ ਕਰ ਰਿਹਾ ਹੁੰਦਾ ਹੈ। |
| 1.11 | ਮਜਬੂਰਨ ਉਡੀਕ ਦੇ ਸਮੇ ਨੂੰ ਡਿਊਟੀ ਮੰਨੇ ਜਾਣ ਸਬੰਧੀ | ਪੰਜਾਬ ਸਰਕਾਰ ਦੇ ਪੱਤਰ ਨੰਬਰ 9/22/2011-2 ਐਫ.ਪੀ.2/644 ਮਿਤੀ 31.10.2011 ਰਾਹੀਂ |

| | | |
|---|---|---|
| | ਸਰਕਾਰ ਦੀ ਪਾਲਸੀ ਬਾਰੇ ਜਾਣਕਾਰੀ ਦਿਓ | 2.16 (ਬੀ.) ਸੀ.ਐਸ.ਆਰ.ਵਾਲੀਅਮ-1 ਪਾਰਟ-1 ਅਧੀਨ ਮਜਬੂਰਨ ਉਡੀਕ ਦੇ ਸਮੇ ਨੂੰ ਰੈਗੂਲਰਾਈਜ ਕਰਨ ਲਈ 30 ਦਿਨ ਤੱਕ ਦਾ ਅਧਿਕਾਰ ਪ੍ਰਬੰਧਕੀ ਸਕੱਤਰ ਨੂੰ ਦਿੱਤਾ ਹੈ ਅਤੇ ਜੇਕਰ ਸਮਾਂ 30 ਦਿਨ ਤੋਂ ਵੱਧ ਹੋਵੇ ਤਾਂ ਸਪੱਸ਼ਟ ਕਾਰਨ ਦਸਦੇ ਹੋਏ ਕੇਸ ਵਿੱਤ ਵਿਭਾਗ ਨੂੰ ਪ੍ਰਵਾਨਗੀ ਹਿੱਤ ਭੇਜਿਆ ਜਾਣਾ ਹੈ । |
| 1.12 | ਕੀ ਕੋਈ ਕਰਮਚਾਰੀ ਆਪਣੀ ਏ.ਸੀ.ਆਰ. ਦੀ ਕਾਪੀ ਲੈ ਸਕਦਾ ਹੈ। | ਕਰਮਚਾਰੀ ਏ.ਸੀ.ਆਰ. ਦੀ ਕਾਪੀ ਆਰ.ਟੀ.ਆਈ ਐਕਟ ਤਹਿਤ ਲੈ ਸਕਦਾ ਹੈ । |
| 1.13 | ਸਾਡੇ ਸਕੂਲ ਵਿਚ ਦੋ ਅਧਿਆਪਕ ਦੋ ਪੰਜਾਬੀ ਮਾਸਟਰ ਕੰਮ ਕਰਦੇ ਹਨ ਇੱਕ ਦੀ ਨਿਯੁਕਤੀ 1.3.1997 ਨੂੰ ਹੋਈ ਸੀ ( ਇਸ ਕਰਮਚਾਰੀ ਵਲੋਂ ਮਿਤੀ 1.10.97 ਤੋਂ 30.9.97 ਤੱਕ ਬਿਨਾਂ ਤਨਖਾਹ ਛੁਟੀ ਲੀਤੀ ਸੀ ) ਅਤੇ ਦੂਸਰੇ ਦੀ ਨਿਯਕਤੀ 1.4.99 ਨੂੰ ਹੋਈ ਸੀ। ਦੋਵਾਂ ਦੀ ਨਿਯੁਕਤੀ ਦੀ ਮਿਤੀ 1.1.1997 ਕਰ ਦਿੱਤੀ ਗਈ ਹੈ। ਦੋਵਾਂ ਵਿਚੋਂ ਕਿਹੜਾ ਸੀਨੀਅਰ ਹੋਵੇਗਾ । | ਸੀਨੀਅਰਤਾ ਸੂਚੀ ਨਿਯੁਕਤੀ ਸਮੇਂ ਜ਼ੋ ਮੈਰਿਟ ਲਿਸਟ ਬਣਦੀ ਹੈ ਉਸ ਅਨੁਸਾਰ ਫਿਕਸ ਕੀਤੀ ਜਾਂਦੀ ਹੈ । ਕਰਮਚਾਰੀ ਵਲੋਂ ਬਿਨਾਂ ਤਨਖਾਹ ਛੁਟੀ ਤੇ ਜਾਣ ਨਾਲ ਉਸ ਦੀ ਸੀਨੀਅਰਤਾ ਸੂਚੀ ਵਿਚ ਕੋਈ ਫਰਕ ਨਹੀਂ ਪੈਂਦਾ । |
| 1.14 | ਜੇਕਰ ਕਿਸੇ ਅਧਿਆਪਕ ਨੇ ਕਿਸੇ ਹੋਰ ਮਹਿਕਮੇ ਵਿਚ ਅਪਲਾਈ ਕਰਨਾ ਹੋਵੇ ਤਾਂ ਐਨ.ਓ.ਸੀ. ਦੇਣ ਲਈ ਕੌਣ ਸਮਰਥ ਅਧਿਕਾਰੀ ਹੈ । | NOC ਦੇਣ ਦਾ ਅਧਿਕਾਰ ਨਿਯੁਕਤੀ ਅਧਿਕਾਰੀ ਕੋਲ ਹੁੰਦਾ ਹੈ । |
| 1.15 | ਸਾਲ 2013 ਵਿਚ ਛੁਟੀਆਂ ਦੇ ਕੈਲੰਡਰ ਵਿਚ 2 ਰਾਖਵੀਆਂ ਛੁਟੀਆਂ ਅਤੇ 4 ਅਧੇ ਦਿਨ ਦੀਆਂ ਛੁਟੀਆਂ ਨਗਰ ਕੀਰਤਨ ਵਿਚ ਹਿੱਸਾ ਲੈਣ ਲਈ ਦੇਣ ਲਈ ਲਿਖਿਆ ਗਿਆ ਹੈ ਕੀ ਇਹ ਰਾਖਵੀਆਂ ਛੁਟੀਆਂ ਅਤੇ ਨਗਰ ਕੀਰਤਨ ਵਿਚ ਹਿੱਸਾ ਲੈਣ ਲਈ ਛੁਟੀਆਂ ਸਿਖਿਆ ਵਿਭਾਗ ਦੇ ਕਰਮਚਾਰੀਆਂ ਨੂੰ ਵੀ ਮਿਲਣਗੀਆਂ ? | ਪੰਜਾਬ ਸਰਕਾਰ ਵਲੋਂ ਜਾਰੀ ਕੈਲੰਡਰ ਅਨੁਸਾਰ ਛੁਟੀਆਂ ਸਾਰੇ ਵਿਭਾਗਾਂ ਦੇ ਕਰਮਚਾਰੀਆਂ ਤੇ ਲਾਗੂ ਹੁੰਦੀਆਂ ਹਨ । |